**ਸੰਗੀਤ (ਵਾਦਨ)**

**ਦਸਵੀਂ ਸ਼੍ਰੇਣੀ**

**ਸਮੈਸਟਰ-I**

**ਪਰਚਾ ਏ-ਲਿਖਤੀ**

**ਸਮਾਂ : ਲਿਖਤੀ 3 ਘੰਟੇ** **ਲਿਖਤੀ :50**

**ਕਿਰਿਆਤਮਕ :20 ਮਿੰਟ** **ਕਿਰਿਆਤਮਕ : 50**

**ਕੁੱਲ ਅੰਕ :100**

**ਸਮੈਸਟਰ-I**

**ਪਰਚਾ ਏ-ਲਿਖਤੀ**

**ਪ੍ਰਸ਼ਨ-ਪੱਤਰ ਦੀ ਰੂਪ-ਰੇਖਾ**

ਲਿਖਤੀ ਪ੍ਰਸ਼ਨ ਪੱਤਰ ਵਿੱਚ ਕੁੱਲ 17 ਪ੍ਰਸ਼ਨ ਹੋਣਗੇ। ਸਾਰੇ ਪ੍ਰਸ਼ਨ ਕਰਨੇ ਲਾਜ਼ਮੀਂ ਹਨ। ਪ੍ਰਸ਼ਨ ਪੱਤਰ ਦੇ ਕੁੱਲ III ਭਾਗ ਹੋਣਗੇ।

ਭਾਗ-I ਵਿੱਚ ਇੱਕ ਇੱਕ ਅੰਕ ਦੇ 10 ਵਸਤੂ ਨਿਸ਼ਠ (Objective type) ਪ੍ਰਸ਼ਨ ਪੁੱਛੇ ਜਾਣਗੇ ਜਿਨ੍ਹਾਂ ਦਾ ਉੱਤਰ ਇੱਕ ਲਾਈਨ ਤੋਂ ਵੱਧ ਨਹੀਂ ਹੋਣਾ ਚਾਹੀਦਾ।

ਭਾਗ-II ਵਿੱਚ 5 ਸੰਖੇਪਾਤਮਕ (short answer type) ਪ੍ਰਸ਼ਨ ਪੁੱਛੇ ਜਾਣਗੇ। ਹਰ ਪ੍ਰਸ਼ਨ 4 ਅੰਕ ਦਾ ਹੋਵੇਗਾ। ਇਹਨਾਂ ਪ੍ਰਸ਼ਨਾਂ ਦੇ ਉੱਤਰ 10-15 ਲਾਈਨਾ ਦੇ ਹੋਣੇ ਚਾਹੀਦੇ ਹਨ।

ਭਾਗ-III ਵਿੱਚ 2 ਨਿਬੰਧਾਤਮਕ (Essay type ) ਪ੍ਰਸ਼ਨ ਅੰਦਰੂਨੀ ਛੋਟ ਦੇ ਕੇ ਪੁੱਛੇ ਜਾਣਗੇ। ਇਹ ਪ੍ਰਸ਼ਨ 10-10 ਅੰਕਾਂ ਦੇ ਹੋਣਗੇ। ਇਹਨਾਂ ਵਿੱਚੋਂ ਇੱਕ ਪ੍ਰਸ਼ਨ ਪਾਠ-ਕ੍ਰਮ 'ੳ' ਵਿੱਚੋਂ ਅਤੇ ਇੱਕ ਪ੍ਰਸ਼ਨ ਪਾਠ-ਕ੍ਰਮ ਦੇ ਭਾਗ 'ਅ' ਵਿੱਚੋਂ ਹੋਵੇਗਾ।

**ਪਾਠ-ਕ੍ਰਮ**

**ਭਾਗ (ੳ)**

1. ਹੇਠ ਲਿਖਿਆਂ ਦੀਆਂ ਪਰਿਭਾਸ਼ਾਵਾਂ ਅਤੇ ਜਾਣਕਾਰੀ :

(ੳ) ਥਾਟ, ਰਾਗ, ਵਾਦੀ, ਸੰਵਾਦੀ ਅਤੇ ਅਨੁਵਾਦੀ

(ਅ) ਰਾਗਾਂ ਦੀਆਂ ਜਾਤੀਆਂ

(ੲ) ਆਵਰਤਨ, ਠਾਅ ਅਤੇ ਦੁਗੁਣ

(ਸ) ਸਥਾਈ, ਅੰਤਰਾ, ਸੰਚਾਰੀ ਅਤੇ ਅਭੋਗ

2. ਸਿਤਾਰ ਬਾਰੇ ਜਾਣਕਾਰੀ

3. ਸੰਗੀਤ ਦੀ ਮੱਹਤਤਾ

4. ਤੁਹਾਡਾ ਮਨ ਭਾਉਂਦਾ ਸੰਗੀਤਕਾਰ

**ਭਾਗ (ਅ)**

1. ਪਾਠ-ਕ੍ਰਮ ਦੇ ਰਾਗਾਂ ਵਿੱਚੋਂ ਬਿਲਾਵਲ ਅਤੇ ਬਗੇਸ਼ਵਰੀ ਰਾਗ ਦੀ ਜਾਣ ਪਛਾਣ
2. ਪਾਠ-ਕ੍ਰਮ ਦੇ ਤਾਲਾਂ ਵਿੱਚੋਂ ਕਹਿਰਵਾਂ ਅਤੇ ਤਿੰਨਤਾਲ ਦੀ ਜਾਣ-ਪਛਾਣ
3. ਪਾਠ-ਕ੍ਰਮ ਦੇ ਰਾਗਾਂ ਵਿੱਚੋਂ ਬਿਲਾਵਲ ਅਤੇ ਬਗੇਸ਼ਵਰੀ ਰਾਗ ਵਿੱਚ ਬੰਦਸ਼ ਦੀ ਸੁਰਲਿਪੀ
4. ਪਾਠ-ਕ੍ਰਮ ਦੇ ਤਾਲਾਂ ਵਿੱਚੋਂ ਕਹਿਰਵਾਂ ਅਤੇ ਤਿੰਨਤਾਲ ਦੀ ਤਾਲ ਲਿਪੀ

## ਪਰਚਾ (ਬੀ)

## ਕਿਰਿਆਤਮਕ ਭਾਗ

ਨੋਟ : ਪ੍ਰਯੋਗੀ ਪ੍ਰੀਖਿਆ ਦੀ ਇੱਕ ਟੋਲੀ ਵਿੱਚ 9 ਤੋਂ ਵੱਧ ਵਿਦਿਆਰਥੀ ਨਹੀਂ ਹੋਣੇ ਚਾਹੀਦੇ। ਪ੍ਰਸ਼ਨ-ਪੱਤਰ ਮੌਕੇ ਤੇ ਹੀ ਤਿਆਰ ਕੀਤਾ ਜਾਵੇਗਾ। ਪ੍ਰਯੋਗੀ ਪ੍ਰੀਖਿਆ ਦਾ ਪ੍ਰਸ਼ਨ ਪੱਤਰ ਤਿਆਰ ਕਰਨ ਸਮੇਂ ਲਿਖਤੀ ਪਰਚੇ ਦੇ ਪਾਠ-ਕ੍ਰਮ ਦਾ ਧਿਆਨ ਰੱਖਣ ਦੇ ਨਾਲ ਨਾਲ ਹੇਠ ਲਿਖੀਆਂ ਹਿਦਾਇਤਾਂ ਦੀ ਪਾਲਣਾ ਕੀਤੀ ਜਾਵੇਗੀ।

1. ਪਾਠਕ੍ਰਮ ਦੇ ਰਾਗਾਂ ਵਿੱਚੋਂ ਵਿਦਿਆਰਥੀ ਦੀ ਚੋਣ ਵਾਲੇ ਕਿਸੇ ਇੱਕ ਰਾਗ ਵਿੱਚ ਰਜ਼ਾ ਖਾਨੀ ਗਤ ਦਾ ਵਾਦਨ ਅਲਾਪ, ਪਕੜ ਅਤੇ ਤੋੜਿਆਂ ਸਮੇਤ। ਇਸ ਲਈ ਸਮਾਂ 6 ਮਿੰਟ ਅਤੇ ਅੰਕ 15 ਹੋਣਗੇ।
2. ਪਾਠ-ਕ੍ਰਮ ਦੇ ਰਾਗਾਂ ਵਿੱਚੋਂ ਪ੍ਰੀਖਿਅਕ ਦੀ ਚੋਣ ਵਾਲੇ ਕਿਸੇ ਇੱਕ ਰਾਗ ਵਿੱਚ ਰਜ਼ਾ ਖਾਨੀ ਗਤ ਦਾ ਵਾਦਨ ਅਲਾਪ, ਪਕੜ ਅਤੇ ਤੋੜਿਆਂ ਸਮੇਤ। ਇਸ ਲਈ ਸਮਾਂ 4 ਮਿੰਟ ਅਤੇ ਅੰਕ 10 ਹੋਣਗੇ।
3. ਪਾਠ-ਕ੍ਰਮ ਦੇ ਤਾਲਾਂ ਵਿੱਚੋਂ ਕਿਸੇ ਇੱਕ ਤਾਲ ਦੇ ਬੋਲਾਂ ਨੂੰ ਹੱਥ ਨਾਲ ਤਾਲੀ ਦੇ ਕੇ ਉਚਾਰਣ ਕਰਨਾ। ਇਸ ਲਈ ਸਮਾਂ 4 ਮਿੰਟ ਅਤੇ ਅੰਕ 10 ਹੋਣਗੇ।
4. ਦਿੱਤੀਆਂ ਸੁਰਸੰਗਤੀਆਂ ਤੋਂ ਪਾਠ-ਕ੍ਰਮ ਦੇ ਰਾਗਾਂ ਦੀ ਪਛਾਣ ਕਰਨੀ। ਇਸ ਲਈ ਸਮਾਂ 2 ਮਿੰਟ ਅਤੇ ਅੰਕ 5 ਹੋਣਗੇ।
5. ਉਪਰੋਕਤ ਰਾਗਾਂ ਵਿੱਚੋਂ ਕਿਸੇ ਇੱਕ ਰਾਗ ਵਿੱਚ ਧੁਨ ਦਾ ਵਾਦਨ, ਇਸ ਲਈ ਸਮਾਂ 4 ਮਿੰਟ ਅਤੇ ਅੰਕ 10 ਹੋਣਗੇ।

## ਪਾਠ-ਕ੍ਰਮ

1. ਬਿਲਾਵਲ ਅਤੇ ਬਗੇਸ਼ਵਰੀ ਰਾਗਾਂ ਵਿੱਚ ਰਜ਼ਾ ਖਾਨੀ ਗਤ ਅਲਾਪ, ਪਕੜ ਅਤੇ ਤੋੜੇ ਸਮੇਤ।
2. ਪਾਠ-ਕ੍ਰਮ ਦੇ ਕਿੱਸੇ ਇੱਕ ਰਾਗ ਵਿੱਚ ਮਸੀਤ ਖਾਨੀ ਗਤ
3. ਕਹਿਰਵਾ ਅਤੇ ਤਿੰਨਤਾਲ ਨੂੰ ਠਾਅ ਅਤੇ ਦੁਗੁਣ ਲੈਅ ਵਿੱਚ ਹੱਥਾਂ ਨਾਲ ਤਾਲੀ ਦੇ ਕੇ ਉਚਾਰਣ ਕਰਨਾ।
4. ਪਾਠ-ਕ੍ਰਮ ਦੇ ਰਾਗਾਂ ਵਿੱਚ ਧੁਨ
5. ਪਾਠ-ਕ੍ਰਮ ਦੇ ਰਾਗਾਂ ਦੀ ਪਛਾਣ

ਪਾਠ-ਪੁਸਤਕਾਂ

1. ਗਾਇਨ (ਪੰਜਾਬੀ) ਮੈਟ੍ਰਿਕ ਸ਼੍ਰੇਣੀ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪ੍ਰਕਾਸ਼ਿਤ
2. ਗਾਇਨ (ਹਿੰਦੀ) ਮੈਟ੍ਰਿਕ ਸ਼੍ਰੇਣੀ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪ੍ਰਕਾਸ਼ਿਤ

**ਸੰਗੀਤ (ਵਾਦਨ)**

**ਦਸਵੀਂ ਸ਼੍ਰੇਣੀ**

**ਸਮੈਸਟਰ-II**

**ਪਰਚਾ ਏ-ਲਿਖਤੀ**

**ਪ੍ਰਸ਼ਨ ਪੱਤਰ ਦੀ ਰੂਪ-ਰੇਖਾ**

ਦੂਸਰੇ ਸਮੈਸਟਰ ਦੇ ਪ੍ਰਸ਼ਨ ਪੱਤਰ ਦੀ ਰੂਪ-ਰੇਖਾ ਪਹਿਲੇ ਸਮੈਸਟਰ ਵਾਂਗ ਹੀ ਰਹੇਗੀ। ਕੇਵਲ ਭਾਗ-I ਵਿੱਚ ਪੁੱਛੇ ਜਾਣ ਵਾਲੇ ਵਸਤੂ ਨਿਸ਼ਠ ਪ੍ਰਸ਼ਨ(Objective ty[e) ਦੋਵਾਂ ਸਮੈਸਟਰਾਂ (ਪਹਿਲੇ ਅਤੇ ਦੂਸਰੇ ) ਦੇ ਪਾਠ-ਕ੍ਰਮ ਵਿੱਚੋਂ ਹੋਣਗੇ।

**ਪਾਠ-ਕ੍ਰਮ**

**ਭਾਗ (ੳ)**

1.ਹੇਠ ਲਿਖਿਆਂ ਦੀਆਂ ਪਰਭਿਾਸ਼ਾਵਾਂ ਅਤੇ ਜਾਣਕਾਰੀ :

(ੳ) ਵਿਵਾਦੀ ਅਤੇ ਵਰਜਿਤ ਸੁਰ, ਵਰਕ ਸੁਰ ਅਤੇ ਪਕੜ।

(ਅ) ਅਲਾਪ ਅਤੇ ਤੋੜਾ

(ੲ) ਮਸੀਤ ਖਾਨੀ ਗਤ ਅਤੇ ਝਾਲਾ

2. ਹਰਮੋਨੀਅਮ ਬਾਰੇ ਜਾਣਕਾਰੀ

3. ਤੁਹਾਡਾ ਮਨ ਭਾਉਂਦਾ ਸੰਗੀਤਕਾਰ

ਭਾਗ (ਅ)

1. ਪਾਠ-ਕ੍ਰਮ ਦੇ ਰਾਗਾਂ ਵਿੱਚੋਂ ਭੁਪਾਲੀ ਅਤੇ ਖਮਾਜ ਦੀ ਜਾਣ ਪਛਾਣ

2. ਪਾਠ-ਕ੍ਰਮ ਦੇ ਤਾਲਾਂ ਵਿੱਚੋ. ਦਾਦਰਾ ਅਤੇ ਇੱਕ ਤਾਲ ਦੀ ਜਾਣ ਪਛਾਣ

3. ਪਾਠ-ਕ੍ਰਮ ਦੇ ਰਾਗਾਂ ਵਿੱਚੋਂ ਭੁਪਾਲੀ ਅਤੇ ਖਮਾਜ ਰਾਗ ਵਿੱਚ ਬੰਦਸ਼ ਦੀ ਸੁਰਲਿਪੀ

4. ਪਾਠ-ਕ੍ਰਮ ਦੇ ਤਾਲਾਂ ਵਿੱਚੋਂ ਦਾਦਰਾ ਅਤੇ ਇੱਕਤਾਲ ਦੀ ਤਾਲ ਲਿਪੀ

ਪਰਚਾ (ਬੀ)

ਕਿਰਿਆਤਮਕ ਭਾਗ

**ਪ੍ਰਸ਼ਨ ਪੱਤਰ ਦੀ ਰੂਪਰੇਖਾ**

ਦੂਸਰੇ ਸਮੈਸਟਰ ਦੇ ਪ੍ਰਸ਼ਨ ਪੱਤਰ ਦੀ ਰੂਪ-ਰੇਖਾ ਪਹਿਲੇ ਸਮੈਸਟਰ ਵਾਂਗ ਹੀ ਰਹੇਗੀ।

**ਪਾਠ-ਕ੍ਰਮ**

1. ਭੁਪਾਲੀ ਅਤੇ ਖਮਾਜ ਰਾਗਾਂ ਵਿੱਚ ਰਜ਼ਾ ਖਾਨੀ ਗਤ ਅਲਾਪ, ਪਕੜ ਅਤੇ ਤੋੜੇ ਸਮੇਤ।

2. ਇੱਕ ਤਾਲ ਅਤੇ ਦਾਦਰਾ ਤਾਲ ਨੂੰ ਠਾਅ ਅਤੇ ਦੁਗੁਣ ਲੈਅ ਵਿੱਚ ਹੱਥਾਂ ਨਾਲ ਤਾਲੀ ਦੇ ਕੇ ਉਚਾਰਣ ਕਰਨਾ।

3. ਪਾਠ-ਕ੍ਰਮ ਦੇ ਰਾਗਾਂ ਵਿੱਚ ਧੁਨ।

4. ਪਾਠ-ਕ੍ਰਮ ਦੇ ਰਾਗਾਂ ਦੀ ਜਾਣ ਪਛਾਣ।

5. ਰਾਸ਼ਟਰੀ ਗੀਤ ਦੀ ਧੁਨ ਦਾ ਨੀਯਤ ਲੈਅ ਵਿੱਚ ਵਾਦਨ।

ਪਾਠ ਪੁਸਤਕਾਂ

1. ਵਾਦਨ (ਪੰਜਾਬੀ) ਮੈਟ੍ਰਿਕ ਸ਼੍ਰੇਣੀਆਂ ਲਈ, ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋ. ਪ੍ਰਕਾਸ਼ਿਤ

2. ਵਾਦਨ (ਹਿੰਦੀ) ਮੈਟ੍ਰਿਕ ਸ਼੍ਰੇਣੀਆਂ ਲਈ, ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪ੍ਰਕਾਸ਼ਿਤ